ਪੰਜਾਬ ਸਰਕਾਰ
ਸਿਖਿਆ ਵਿਭਾਗ
(ਸਿਖਿਆ-2 ਸਾਖਾ)

## ਹੁਕਮ

ਸਿਖਿਆ ਵਿਭਾਗ ਵਿੱਚ ਹੈੱਡ ਮਾਸਟਰਾਂ ਦੀ ਸਿੱਧੀ ਭਰਤੀ ਦੇ ਕੋਟੇ ਦੀਆਂ ਸਾਬਕਾਂ ਫੌਜੀਆਂ ਦੀਆਂ ਰਾਖਵੀਆਂ ਆਸਾਮੀਆਂ ਜੋ ਸਾਲ 2006 ਵਿੱਚ ਭਰੀਆਂ ਗਈ ਸਨ। ਉਨ੍ਹਾਂ ਅਸਾਮੀਆਂ ਵਿਰੁੱਧ ਮਾਨਯੋਗ ਹਾਈਕੋਰਟ ਵਿੱਚ ਕੁੱਝ ਰਿੱਟਾਂ ਦੇ ਫੈਸਲੇ ਦੇ ਸਨਮੁੱਖ ਐਕਸ ਸਰਵਿਸ ਮੈਨ ਦੀਆਂ ਹੈੱਡ ਮਾਸਟਰਾਂ ਦੀ ਮੈਰਿਟ ਲਿਸਟ ਸੋਧੀ ਗਈ। ਸੋਧੀ ਮੈਰਿਟ ਵਿੱਚ ਆਖਰੀ ਚੁਣੇ ਗਏ ਉਮੀਦਵਾਰ ਦੀ ਮੈਰਿਟ 53.087 ਨਿਸਚਿਤ ਹੋਈ ਸੀ। ਇਸ ਲਈ ਪਹਿਲੀ ਮੈਰਿਟ ਦੇ ਆਧਾਰ ਤੇ ਜਿਨ੍ਹਾਂ ਦੀ ਮੈਰਿਟ 53.087 ਤੋਂ ਘੱਟ ਸੀ, ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਡੀ.ਪੀ.ਆਈ. (ਸੈ.ਸਿ.) ਵੱਲੋਂ ਕਾਰਵਾਈ ਨਾ ਹੋਣ ਕਾਰਨ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸਨ ਨੰ: 16223 ਆਫ 2008-ਬਲਜਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦਾਇਰ ਹੋਈ। ਡੀ.ਪੀ.ਆਈ. (ਸੈ.ਸਿ.) ਉਸ ਰਿੱਟ ਦੇ ਜਵਾਬਦਾਵੇ ਵਿੱਚ ਇਹ ਲਿਖਿਆ ਗਿਆ ਕਿ ਜਿਨ੍ਹਾਂ ਚੁਣੇ ਗਏ ਉਮੀਦਵਾਰਾਂ ਦੀ ਮੈਰਿਟ ਸੋਧੀ ਹੋਈ ਮੈਰਿਟ ਦੇ ਆਖਰੀ ਚੁਣੇ ਉਮੀਦਵਾਰ ਤੋਂ ਘੱਟ ਹੈ, ਉਨ੍ਹਾਂ ਬਾਰੇ ਕਾਨੂੰਨ ਅਨੁਸਾਰ proper procedure adopt ਕਰਕੇ ਸੇਵਾਵਾਂ ਖਤਮ ਕਰਨ ਦੀ ਕਾਰਵਾਈ ਆਰੰਭੀ ਜਾਵੇਗੀ। ਇਸ ਜਵਾਬ ਨੂੰ ਵਿਚਾਰਦੇ ਹੋਏ ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 29-1-2010 ਰਾਹੀਂ ਹੇਠ ਲਿਖੇ ਅਨੁਸਾਰ ਫੈਸਲਾ ਦਿੱਤਾ:-

> **"Learned counsel for the petitioner states that in view of Annexure R-I appended with the reply-affidavit, he may be permitted to withdraw this writ petition. Ordered accordingly."**

2. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਵੱਲੋਂ ਉਪਰੋਕਤ ਹੁਕਮਾਂ ਦੇ ਹਵਾਲੇ ਵਿੱਚ ਸਬੰਧਤ ਹੈੱਡ ਮਾਸਟਰਾਂ ਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਕੋਈ ਕਾਰਵਾਈ ਆਰੰਭੀ ਨਹੀਂ ਗਈ। ਪਟੀਸਨਰ ਸ੍ਰੀ ਬਲਜਿੰਦਰ ਸਿੰਘ ਦੀ ਪ੍ਰਤੀ ਬੇਨਤੀ ਦੇ ਸਨਮੁੱਖ ਇਹ ਕੇਸ ਸਰਕਾਰ ਦੀ ਪੱਧਰ ਤੇ ਵਿਚਾਰਿਆ ਗਿਆ ਅਤੇ ਹੇਠ ਲਿਖੇ ਚਾਰ ਹੈੱਡ ਮਾਸਟਰਾਂ ਜਿਨ੍ਹਾਂ ਦੀ ਸੋਧੀ ਮੈਰਿਟ ਅਨੁਸਾਰ ਮੈਰਿਟ ਘੱਟ ਸੀ, ਦੀਆਂ ਸੇਵਾਵਾਂ ਖਤਮ ਕਰਨ ਲਈ ਸ਼ੋਕਾਜ ਨੋਟਿਸ ਜਾਰੀ ਕੀਤੇ ਗਏ:-

| ਲੜੀ ਨੰ: | ਹੈੱਡ ਮਾਸਟਰ ਦਾ ਨਾਮ ਅਤੇ ਪਤਾ | ਸ਼ੋਕਾਜ ਨੋਟਿਸ ਦਾ ਨੰਬਰ ਅਤੇ ਮਿਤੀ |
|---|---|---|
| 1 | ਸ੍ਰੀ ਗੁਰਸੇਵਕ ਸਿੰਘ, ਹੈੱਡ ਮਾਸਟਰ (ਹੁਣ ਮ੍ਰਿਤਕ), ਸ.ਹਾ.ਸ. ਜੰਡਾਵਾਲਾ, ਬਠਿੰਡਾ। | 1/377/13-5ਸਿ2/3156, ਮਿਤੀ 23-5-2014 |
| 2 | ਸ੍ਰੀ ਰਾਮ ਮੂਰਤੀ, ਹੈੱਡ ਮਾਸਟਰ, ਸ.ਹਾ.ਸ., ਬੰਧੀ ਲੋਧੀ, ਗੁਰਦਾਸਪੁਰ | 1/377/13-5ਸਿ2/3151, ਮਿਤੀ 23-5-2014 |
| 3 | ਸ੍ਰੀ ਅਸ਼ੋਕ ਕੁਮਾਰ, ਹੈੱਡ ਮਾਸਟਰ, ਸਸਸਸ, (ਮੁੰਡੇ), ਸੁਜਾਨਪੁਰ (ਪਠਾਨਕੋਟ) | 1/377/13-5ਸਿ2/3146, ਮਿਤੀ 23-5-2014 |
| 4 | ਸ੍ਰੀ ਰਵਿੰਦਰ ਸਿੰਘ, ਹੈੱਡ ਮਾਸਟਰ, ਸ.ਹਾ.ਸ., ਕੋਟਲਾ, ਪਾਵਰ ਹਾਊਸ, ਰੋਪੜ। | 1/377/13-5ਸਿ2/3161, ਮਿਤੀ 23-5-2014 |

3. ਇਨ੍ਹਾਂ ਹੈੱਡ ਮਾਸਟਰਾਂ ਨੂੰ ਬਕਾਇਦਾ ਮਿਤੀ 24-7-2014 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਸ੍ਰੀ ਰਵਿੰਦਰ ਸਿੰਘ, ਹੈੱਡ ਮਾਸਟਰ ਦੀ ਸੁਣਵਾਈ ਮਿਤੀ 2-9-2014 ਨੂੰ ਕੀਤੀ ਗਈ । ਸ੍ਰੀ ਰਵਿੰਦਰ ਸਿੰਘ ਵੱਲੋਂ ਨਿੱਜੀ ਸੁਣਵਾਈ ਦੌਰਾਨ ਕੇਵਲ ਇਸ ਗੱਲ ਤੇ ਹੀ ਜੋਰ ਦਿੱਤਾ ਗਿਆ ਕਿ ਉਸ ਨੂੰ ਸੋਧੀ ਹੋਈ ਮੈਰਿਟ ਅਤੇ ਮਾਨਯੋਗ ਹਾਈਕੋਰਟ ਦੇ ਫੈਸਲੇ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਇਸ ਲਈ ਉਸ ਦੀਆਂ ਸੇਵਾਵਾਂ ਖਤਮ ਨਾ ਕੀਤੀਆਂ ਜਾਣ। ਇਸ ਕਰਮਚਾਰੀ ਵੱਲੋਂ ਜੋ ਲਿਖਤੀ ਸਪੱਸਟੀਕਰਨ ਭੇਜਿਆ ਗਿਆ ਹੈ, ਉਸ ਵਿੱਚ ਸ੍ਰੀ ਦਰਸਨ ਸਿੰਘ, ਹੈੱਡ ਮਾਸਟਰ ਜਿਸ ਦੀ ਮੈਰਿਟ 53.04 ਹੈ ਉਸ ਨੂੰ ਹੈੱਡ ਮਾਸਟਰ ਦੀ ਆਸਾਮੀ ਤੋਂ ਬਤੌਰ ਪ੍ਰਿੰਸੀਪਲ ਪਰਮੋਟ ਹੋਇਆ ਦੱਸਿਆ ਗਿਆ ਹੈ। ਪ੍ਰੰਤੂ ਉਸ ਨੇ ਸਪੱਸਟ ਨਹੀਂ ਕੀਤਾ ਸੀ ਕਿ ਸ੍ਰੀ ਦਰਸਨ ਸਿੰਘ ਸਾਬਕਾ ਫੌਜੀ ਦੀ ਕੈਟਾਗਰੀ ਨਾਲ ਸਬੰਧਤ ਸੀ ਜਾਂ ਨਹੀਂ। ਇਸ ਲਈ ਉਪਰੋਕਤ ਚਾਰ ਹੈੱਡ ਮਾਸਟਰਾਂ ਵਿੱਚੋਂ ਸ੍ਰੀ ਰਾਮ ਮੂਰਤੀ ਅਤੇ ਰਵਿੰਦਰ ਸਿੰਘ ਹੈੱਡ ਮਾਸਟਰਾਂ ਵੱਲੋਂ ਦਿੱਤੇ ਸਪੱਸਟੀਕਰਨ ਮੰਨਣਯੋਗ ਨਹੀਂ ਜਾਪਦੇ ਹਨ। ਇਸ ਲਈ ਇਹਨਾਂ ਵਲੋਂ ਦਿੱਤੀਆਂ ਪ੍ਰਤੀਬੇਨਤੀਆਂ ਰੱਦ ਕਰਦੇ ਹੋਏ, ਇਹਨਾਂ ਦੀਆਂ ਬਤੌਰ ਹੈੱਡ ਮਾਸਟਰ ਸੇਵਾਵਾਂ ਖਤਮ ਕੀਤੀਆਂ ਜਾਂਦੀਆਂ ਹਨ। ਇਹ ਦੋਵੇ ਕਰਮਚਾਰੀ ਮਾਸਟਰ ਕਾਡਰ ਵਿੱਚ ਕੰਮ ਕਰਦੇ ਰਹਿਣਗੇ।

4. ਸ੍ਰੀ ਗੁਰਸੇਵਕ ਸਿੰਘ, ਹੈੱਡ ਮਾਸਟਰ (ਹੁਣ ਮ੍ਰਿਤਕ) ਦੀ ਪਤਨੀ ਸ੍ਰੀਮਤੀ ਕੰਵਲਜੀਤ ਕੌਰ ਵੱਲੋਂ ਭੇਜਿਆ ਸਪੱਸਟੀਕਰਨ ਮਿਤੀ 14.7.14 ਜੋ ਕਿ ਮੰਨਣਯੋਗ ਹੈ। ਸਰਕਾਰ ਦੀਆਂ ਹਦਾਇਤਾਂ ਨੰ: 3/22/92-2ਪੀ.ਪੀ.II/9033, ਮਿਤੀ 23-6-1992 ਅਨੁਸਾਰ ਜਿਸ ਕਰਮਚਾਰੀ ਦੀ ਅਨੁਸ਼ਾਸਨੀ ਕਾਰਵਾਈ/ਵਿਭਾਗੀ ਪੜਤਾਲ ਦੇ ਕਸਿਜ ਚਲਦੇ ਸਮੇਂ ਹੀ ਮੌਤ ਹੋ ਜਾਂਦੀ ਹੈ, ਉਨ੍ਹਾਂ ਦੇ ਕੇਸਿਜ ਵਿੱਚ ਵਿਭਾਗੀ ਅਨੁਸ਼ਾਸਨੀ ਕਾਰਵਾਈਆਂ/ਪੜਤਾਲਾਂ ਨੂੰ ਠੱਪ ਕਰਨ ਅਤੇ ਅਜਿਹੇ ਕਰਮਚਾਰੀਆਂ ਦੇ ਵਾਰਸਾਂ ਨੂੰ ਉਨ੍ਹਾਂ ਦੀ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਨਿਯਮਾਂ ਅਨੁਸਾਰ ਪਰਿਵਾਰਕ ਪੈਨਸ਼ਨ ਅਤੇ ਹੋਰ ਲਾਭ ਦੇਣ ਦਾ ਉਪਬੰਧ ਕੀਤਾ ਹੋਇਆ ਹੈ।

ਸ੍ਰੀ ਗੁਰਸੇਵਕ ਸਿੰਘ, ਹੈੱਡ ਮਾਸਟਰ ਜਿਸ ਦੀ ਮਿਤੀ 7.1.14 ਨੂੰ ਮੌਤ ਹੋ ਚੁੱਕੀ ਹੈ ਇਸ ਲਈ ਉਸ ਦੇ ਕੇਸ ਵਿੱਚ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 23-6-1992 ਦੇ ਸਨਮੁੱਖ ਸੇਵਾਵਾਂ ਖਤਮ ਕਰਨ ਦਾ ਸ਼ੋ-ਕਾਜ ਨੋਟਿਸ ਫਾਈਲ ਕੀਤਾ ਜਾਂਦਾ ਹੈ। ਇਸੇ ਤਰਾਂ ਸ੍ਰੀ ਅਸ਼ੋਕ ਕੁਮਾਰ, ਵਲੋਂ ਬਤੌਰ ਹੈਡ ਮਾਸਟਰ ਜੁਆਇਨ ਹੀ ਨਹੀਂ ਕੀਤਾ, ਇਸ ਲਈ ਉਸ ਨੂੰ ਸੇਵਾਵਾਂ ਖਤਮ ਕਰਨ ਲਈ ਜਾਰੀ ਕੀਤਾ ਸੋ-ਕਾਜ ਨੋਟਿਸ ਵਾਪਸ ਲਿਆ ਜਾਂਦਾ ਹੈ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ।

DGSE

ਸ੍ਰੀ. ਗਾਉਂਸ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਮਿਤੀ, ਚੰਡੀਗੜ੍ਹ : 5-11-2014.

2mmIS

ਪਿ.ਅੰ.ਨੰ: 1/377/2013-5ਸਿ2/ 340655/2 ਮਿਤੀ, ਚੰਡੀਗੜ੍ਹ: 10-11-14.

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਅਜੀਤਗੜ੍ਹ।
2. ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ.)
3. ਸਬੰਧਤ ਕਰਮਚਾਰੀ।

ਰਜਿ:

DGSE

ਸੁਪਰਡੰਟ 7-11-14

ਅੰਦਰੂਨੀ ਵੰਡ ਅਧੀਨ:-

1. ਸਕੱਤਰ/ਸਿਖਿਆ ਮੰਤਰੀ ਪੰਜਾਬ।
2. ਨਿੱਜੀ ਸਕੱਤਰ/ਪ੍ਰ.ਸ.ਸ.ਸਿ.
3. ਨਿੱਜੀ ਸਹਾਇਕ/ਵਿ:ਸ:ਸ:ਸਿ:
4. ਰਿਕਾਰਡਰ ਸਿਖਿਆ-2 ਸਾਖਾ ।

O/o DGSE Cum SPD
Sarva Shiksha Abhiyan (Pb)
Central Dy. No. 99635 12-11-14